ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।
(S.S.S. Board, Punjab)
ਵਣ ਕੰਪਲੈਕਸ, ਸੈਕਟਰ-68, ਐਸ.ਏ.ਐਸ.ਨਗਰ(ਮੋਹਾਲੀ)

ਨੰ: 1/52/2016- 1ਅ(ਅਸਚਬ) 851 ਮਿਤੀ, ਚੰਡੀਗੜ੍ਹ: 04.05.2018

## ਜਨਤਕ ਸੂਚਨਾ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵਲੋਂ ਇਸ਼ਤਿਹਾਰ ਨੰ: 04 ਆਫ 2016 ਰਾਹੀਂ ਕਲਰਕਾਂ ਅਤੇ ਕਲਰਕ-ਕਮ-ਡਾਟਾ ਐਂਟਰੀ ਅਪਰੇਟਰ ਅਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵਲੋਂ ਮਿਤੀ 02.12.2015 ਨੂੰ ਜਾਰੀ ਇਸ਼ਤਿਹਾਰ ਰਾਹੀਂ ਸਿਹਤ ਵਿਭਾਗ ਅਤੇ ਆਮ ਰਾਜ ਪਬੰਧ ਵਿਭਾਗ ਲਈ ਅੰਗਹੀਣ ਕੈਟਾਗਰੀ ਦੀਆਂ ਪ੍ਰਕਾਸ਼ਿਤ ਆਸਾਮੀਆਂ ਦੀ ਭਰਤੀ ਲਈ, ਅਪਲਾਈ ਕਰਨ ਵਾਲੇ ਉਮੀਦਵਾਰਾਂ ਦਾ ਮਿਤੀ 06.05.2018 ਨੂੰ ਲਿਖਤੀ ਟੈਸਟ ਲਿਆ ਜਾਣਾ ਹੈ। ਜਿਨ੍ਹਾਂ ਉਮੀਦਵਾਰਾਂ ਵਲੋਂ ਉਕਤ ਇੱਕ ਤੋਂ ਵੱਧ ਆਸਾਮੀਆਂ ਲਈ ਅਪਲਾਈ ਕੀਤਾ ਹੋਇਆ ਹੈ, ਅਜਿਹੇ ਉਮੀਦਵਾਰਾਂ ਨੂੰ ਮੈਰਿਟ ਅਨੁਸਾਰ ਅਪਲਾਈ ਕੀਤੀਆਂ ਸਾਰੀਆਂ ਆਸਾਮੀਆਂ ਲਈ ਵਿਚਾਰਿਆ ਜਾਵੇਗਾ। ਬੋਰਡ ਵਲੋਂ ਕੋਸ਼ਿਸ਼ ਕੀਤੀ ਗਈ ਹੈ ਕਿ ਅਜਿਹੇ ਉਮੀਦਵਾਰਾਂ ਨੂੰ ਇੱਕ ਹੀ ਐਡਮਿਟ ਕਾਰਡ ਜਾਰੀ ਕੀਤਾ ਜਾਵੇ। ਪਰੰਤੂ ਕੁੱਝ ਤਕਨੀਕੀ ਕਾਰਨਾਂ ਕਰਕੇ ਜੇਕਰ ਕੁੱਝ ਉਮੀਦਵਾਰਾਂ ਨੂੰ ਇੱਕ ਤੋਂ ਵੱਧ ਐਡਮਿਟ ਕਾਰਡ ਜਾਰੀ ਹੋਏ ਹਨ ਤਾਂ ਉਹ ਮਿਤੀ 11.05.2018 ਤੱਕ ਅਧੀਨ ਸੇਵਾਵਾਂ ਚੋਣ ਬੋਰਡ ਦੇ ਦਫਤਰ ਹਾਜਰ ਹੋ ਕੇ ਇਸ ਸਬੰਧੀ ਸੂਚਿਤ ਕਰਨਗੇ ਤਾਂ ਜੋ ਉਨ੍ਹਾਂ ਨੂੰ ਉਨ੍ਹਾਂ ਵਲੋਂ ਅਪਲਾਈ ਕੀਤੀਆਂ ਗਈਆਂ ਸਾਰੀਆਂ ਆਸਾਮੀਆਂ ਲਈ ਵਿਚਾਰਿਆ ਜਾ ਸਕੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਸਹੀ/-
ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।

ਮਿਤੀ: 04.05.2018